# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

## (ਕਾਲਜ ਸੈਕਸ਼ਨ)

ਨੰ: 6431 ਕਾਲਜ/ਸ-3
ਮਿਤੀ 27/6/17

ਯੂਨੀਵਰਸਿਟੀ ਨਾਲ ਸਬੰਧਤ,
ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ਨੂੰ।

**ਵਿਸ਼ਾ:- ਅਕਾਦਮਿਕ ਸਾਲ 2017-18 ਦੌਰਾਨ ਕਾਲਜਾਂ ਦੀ ਸਬੰਧਤਾ ਜਾਰੀ ਰੱਖਣ ਦੀ ਫੀਸ ਭੇਜਣ ਬਾਰੇ।**

ਸ੍ਰੀਮਾਨ/ਸ੍ਰੀਮਤੀ ਜੀ,

ਵਾਈਸ-ਚਾਂਸਲਰ ਸਾਹਿਬ ਦੇ ਆਦੇਸ਼ਾਂ ਅਨੁਸਾਰ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਜ ਦੀ ਅਕਾਦਮਿਕ ਸਾਲ 2017-18 ਦੀ ਸਬੰਧਤਾ ਜਾਰੀ ਰੱਖਣ ਦੀ ਫੀਸ ਹੇਠ ਲਿਖੇ ਸ਼ਡਿਊਲ ਅਨੁਸਾਰ ਜਮ੍ਹਾਂ ਕਰਵਾਉਣੀ ਲਾਜ਼ਮੀਂ ਹੋਵੇਗੀ:-

| | | |
|---|---|---|
| 1. | 31-08-2017 ਤੱਕ | ਬਿਨ੍ਹਾਂ ਲੇਟ ਫੀਸ |
| 2. | 1-09-17 ਤੋਂ 30-09-17 ਤੱਕ | ਬਣਦੀ ਫੀਸ 10% ਜੁਰਮਾਨੇ ਸਮੇਤ |
| 3. | 1-10-17 ਤੋਂ 30-10-17 ਤੱਕ | 20% ਜੁਰਮਾਨੇ ਸਮੇਤ |

ਸਬੰਧਤਾ ਜਾਰੀ ਰੱਖਣ ਦੀਆਂ ਫੀਸਾਂ ਦਾ ਵੇਰਵਾ:-

| ਲੜੀ ਨੰ: | ਕਾਲਜ ਦੀ ਸ੍ਰੇਣੀ | ਸਾਲਾਨਾ ਕੰਟੀਨਿਊਸ਼ਨ ਫੀਸ ਨਵੇਂ/ਪੁਰਾਣੇ ਕਾਲਜਾਂ ਲਈ |
|---|---|---|
| 1. | ਆਰਟਸ ਸਾਇੰਸ ਅਤੇ ਕਾਮਰਸ ਸ੍ਰੇਣੀ ਦੇ ਕਾਲਜ ਅਤੇ ਪ੍ਰੋਫੈਸ਼ਨਲ ਕਾਲਜ ਜਿਥੇ ਬੀ.ਸੀ.ਏ.,ਐਮ.ਸੀ.ਏ., ਬੀ.ਬੀ.ਏ.,ਐਮ.ਬੀ.ਏ, ਲਾਅ ਅਤੇ ਪੀ.ਜੀ.ਡੀ.ਸੀ.ਏ. ਆਦਿ ਕਲਾਸਾਂ ਚਲ ਰਹੀਆਂ ਹਨ। | 20,000/-ਰੁਪਏ |
| 2. | ਐਜੂਕੇਸ਼ਨ ਕਾਲਜ ਅਤੇ ਫਿਜੀਕਲ ਐਜੂਕੇਸ਼ਨ ਕਾਲਜ | 40,000/-ਰੁਪਏ |

ਉਕਤ ਸ਼ਡਿਊਲ ਤੋਂ ਬਾਅਦ ਕਾਲਜ/ਕੋਰਸ ਦੀ ਕੰਟੀਨਿਊਸ਼ਨ ਫੀਸ ਦੋ ਗੁਣਾਂ(ਡਬਲ) ਜਮ੍ਹਾਂ ਕਰਵਾਉਣੀ ਲਾਜ਼ਮੀਂ ਹੋਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਲਜ ਵਿਰੁੱਧ ਅਗਲੇਰੀ ਸਖਤ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

ਇਸ ਲਈ ਅਕਾਦਮਿਕ ਸੈਸ਼ਨ 2017-18 ਲਈ ਕਾਲਜ ਦੀ ਸਬੰਧਤਾ ਜਾਰੀ ਰੱਖਣ ਦੀ ਫੀਸ ਮਿਤੀ 31-08-17 ਤੱਕ ਹਰ ਹਾਲਤ ਵਿੱਚ ਜਮ੍ਹਾਂ ਕਰਵਾਈ ਜਾਵੇ। ਸਬੰਧਤਾ ਫੀਸ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਂ ਤੇ ਬਣਾ ਕੇ ਹਸਤਾਖਰ-ਕਰਤਾ ਨੂੰ ਭੇਜਿਆ ਜਾਵੇ।

<u>ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।</u>

219/UCC
28/6/17

ਵਿਸ਼ਵਾਸਪਾਤਰ,

ਸਹਾਇਕ ਰਜਿਸਟਰਾਰ(ਕਾਲਜਾਂ)

ਸਹਾਇਕ ਰਜਿਸਟਰਾਰ (ਕਾਲਜਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ।